



ਸੰਵਾਦ-17 (ਜਨਵਰੀ-ਜੂਨ 2023) ISSN : 2395-1273 **www.sanvad.org**

# ਕਿਸਾਨ ਅੰਦੋਲਨ :
# ਨਵੀਂ ਰਾਜਨੀਤਕ ਚੇਤਨਾ ਦਾ ਆਗਮਨ



**ਡਾ. ਅਮਨਪ੍ਰੀਤ ਸਿੰਘ ਗਿੱਲ**
ਐਸੋਸੀਏਟ ਪ੍ਰੋਫ਼ੈਸਰ
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ
9650932060
amanpreetdu@gmail.com

## ਲੋਕਤੰਤਰ ਤੇ ਸੰਘਵਾਦ ਦੀ ਰੱਖਿਆ

ਜਦੋਂ 1917 ਵਿਚ ਰਾਜ ਕੁਮਾਰ ਸ਼ੁਕਲਾ (1875-1929) ਮਹਾਤਮਾ ਗਾਂਧੀ (1869-1948) ਨੂੰ ਬਿਹਾਰ ਦੇ ਚੰਪਾਰਨ ਵਿਚ ਬੁਲਾ ਰਿਹਾ ਸੀ, ਉਸਨੂੰ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ ਕਿ ਉਹ ਇਕ ਵੱਡੇ ਪੈਮਾਨੇ ਦੇ ਆਜ਼ਾਦੀ ਸੰਘਰਸ਼ ਦੀ ਨੀਂਹ ਰੱਖਣ ਜਾ ਰਿਹਾ ਸੀ। ਤੀਨ ਕੱਠੀਆ ਨਾਮਕ ਕਾਂਟਰੈਕਟ ਖੇਤੀ ਦੇ ਨਿਜ਼ਾਮ ਦੇ ਸਭ ਤੋਂ ਪਹਿਲੇ ਸ਼ਿਕਾਰ ਬਿਹਾਰ ਦੇ ਨੀਲ ਦੀ ਖੇਤੀ ਕਰਨ ਵਾਲੇ ਕਿਸਾਨ ਸਨ। ਇਹ ਅੰਦੋਲਨ ਕਾਂਟਰੈਕਟ ਖੇਤੀ ਦਾ ਵਿਰੋਧ ਕਰਨ ਤਕ ਸੀਮਤ ਨਾ ਰਿਹਾ। ਮਹਾਤਮਾ ਗਾਂਧੀ ਨੇ ਚੰਪਾਰਨ ਸਤਿਆਗ੍ਰਹਿ ਰਾਹੀਂ ਸਾਮਰਾਜ ਦਾ ਵਿਰੋਧ ਕਰਨ ਲਈ ਇਕ ਨਵੀਂ ਲਹਿਰ ਦਾ ਮੁੱਢ ਬੰਨ ਦਿੱਤਾ ਸੀ।

2020 ਦੇ ਸਤੰਬਰ ਮਹੀਨੇ ਵਿਚ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਸੀ। ਇਸ ਵਾਰ ਸੰਘਰਸ਼ ਬਸਤੀਵਾਦ ਖ਼ਿਲਾਫ਼ ਨਹੀਂ ਬਲਕਿ ਭਾਰਤ ਦੀ ਸਰਵਉੱਚ ਸੰਸਦ ਵਿਚ ਪਾਸ ਹੋਏ ਤਿੰਨ ਅਨਿਆਈਂ ਕਾਨੂੰਨਾਂ ਖ਼ਿਲਾਫ਼ ਸੀ। ਸਤੰਬਰ 2020 ਵਿਚ ਸੰਸਦ ਵਿਚ ਤਿੰਨ ਖੇਤੀ ਕਾਨੂੰਨਾਂ ਦੇ ਪਾਸ ਹੋਣ ਉਪਰੰਤ ਅਜਿਹੀ ਸਿਵਲ ਨਾ ਫ਼ੁਰਮਾਨੀ ਲਹਿਰ ਦਾ ਜਨਮ ਹੋਇਆ ਜਿਸ ਵਿਚੋਂ ਭਾਰਤੀ ਕਿਸਾਨ ਨਾਲੋਂ ਭਾਰਤੀ ਲੋਕਤੰਤਰ ਨੂੰ ਜ਼ਿਆਦਾ ਲਾਭ ਪਹੁੰਚਿਆ। ਸਾਲ ਤੋਂ ਵੱਧ ਸਮਾਂ ਚੱਲਣ ਵਾਲੇ ਅੰਦੋਲਨ ਨੇ ਹਰ ਲਿਹਾਜ਼ ਨਾਲ ਇਕ ਮਹਾਂ ਸੰਘਰਸ਼ ਦਾ ਰੁਤਬਾ ਹਾਸਲ ਕਰ ਲਿਆ ਸੀ। ਆਮ ਕਿਸਾਨਾਂ ਲਈ ਇਹ ਅੱਥਰੂਆਂ, ਖ਼ੂਨ ਤੇ ਪਸੀਨੇ ਦੀ ਲਹਿਰ ਸਾਬਤ ਹੋਈ। ਇਕ ਤਰ੍ਹਾਂ ਨਾਲ ਇਹ ਸੰਸਦੀ ਲੋਕਤੰਤਰ ਦੀ 'ਅਰਬ ਸਪਰਿੰਗ' ਦੀ ਘੜੀ ਵੀ ਸਾਬਤ ਹੋਈ। ਅਰਬ ਸਪਰਿੰਗ ਤਾਂ ਮੌਜੂਦਾ ਤਾਨਾਸ਼ਾਹ ਅਰਬ ਰਿਆਸਤਾਂ ਦੇ ਵਿਰੋਧ ਵਿਚ ਹੋਂਦ ਵਿਚ ਆਈ ਸੀ ਪਰ ਇਹ ਅੰਦੋਲਨ ਭਾਰਤੀ ਲੋਕਤੰਤਰ ਦੇ ਤਾਨਾਸ਼ਾਹੀ ਵਿਚ ਤਬਦੀਲ ਹੋਣ ਦੀ ਖਤਰਨਾਕ ਸੰਭਾਵਨਾ ਨੂੰ ਰੋਕਣ ਲਈ ਹੋਂਦ ਵਿਚ ਆਇਆ। ਕਿਸੇ ਵੀ ਸੰਸਦੀ ਲੋਕਤੰਤਰ ਵਿਚ ਚੁਣੀ ਹੋਈ ਸਰਕਾਰ ਦੁਆਰਾ ਕਾਨੂੰਨਾਂ ਨੂੰ ਸੰਸਦ ਵਿਚ ਪਾਸ ਕਰਨਾ ਇਕ ਆਮ ਜਿਹੀ ਗੱਲ ਹੁੰਦੀ ਹੈ ਪਰ ਆਪਣੇ ਹੱਥੀਂ ਪਾਸ ਕੀਤੇ ਤਿੰਨ ਕਾਨੂੰਨਾਂ ਨੂੰ ਆਪਣੇ ਹੱਥੀਂ ਸੰਸਦ ਵਿਚ ਰੱਦ ਕਰਨਾ, ਇਸ ਨਾਲ ਭਾਰਤੀ ਸੰਸਦੀ ਲੋਕਤੰਤਰ ਦੇ ਇਤਿਹਾਸ ਵਿਚ ਨਵਾਂ ਅਧਿਆਏ ਲਿਖਿਆ ਜਾ ਰਿਹਾ ਸੀ। ਇਹ ਇਕ ਐਸੀ ਚੀਜ਼ ਸੀ ਜੋ ਭਾਰਤੀ ਗਣ ਰਾਜ ਵਿਚ ਪਹਿਲਾਂ ਕਦੇ ਨਹੀਂ ਵਾਪਰੀ ਸੀ। ਇਹ ਗੱਲ ਉਦੋਂ ਵਾਪਰੀ ਸੀ ਜਦੋਂ ਭਾਰਤੀ ਸੰਸਦ ਵਿਚ ਵਿਰੋਧੀ ਧਿਰ ਉੱਕਾ ਹੀ ਸਾਹ-ਸਤਹੀਣ ਹੋ ਚੁੱਕੀ ਸੀ।

ਇਸ ਤਰੀਕੇ ਨਾਲ ਲੋਕਤੰਤਰ ਦੀ ਰੱਖਿਆ ਲਈ ਲੜੀ ਗਈ ਲੜਾਈ ਦੀ ਇਤਿਹਾਸਕ ਜਿੱਤ ਦਾ ਸਿਹਰਾ ਆਮ ਲੋਕਾਂ ਦੇ ਸਿਰ ਜਾਂਦਾ ਹੈ ਨਾ ਕਿ ਕਿਸੇ ਰਾਜਨੀਤਕ ਜਮਾਤ ਦੇ ਸਿਰ।

'ਦੀ ਹਿੰਦੂ' ਦੀ ਇਕ ਰੀਪੋਰਟ (22 ਦਸੰਬਰ 2020) ਵਿਚ ਕੰਨੜ ਲੇਖਕ ਦੇਵਾਨੂਰੂ ਮਹਾਦੇਵਾ ਨੇ ਕਿਹਾ ਕਿ ਖੇਤੀ ਕਾਨੂੰਨ ਸਿਰਫ ਕਿਸਾਨ ਵਿਰੋਧੀ ਨਹੀਂ ਸਨ ਬਲਕਿ ਇਹ ਲੋਕਤੰਤਰ, ਸੰਘਵਾਦ ਤੇ ਸੰਵਿਧਾਨ ਉਪਰ ਵੀ ਇਕ ਹਮਲਾ ਸਨ। (ਸਟਾਫ ਰਿਪੋਰਟਰ 2020) ਸੁਤੰਤਰ ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਜਦ ਕੇਂਦਰੀ ਸਰਕਾਰ ਨੇ ਸੱਤਵੇਂ ਸ਼ਡਿਊਲ ਦੀ ਰਾਜ ਸੂਚੀ ਵਿਚ ਬਦੋ-ਬਦੀ ਪੈਰ ਰੱਖਿਆ ਸੀ।

ਭਾਰਤੀ ਸੰਵਿਧਾਨ ਕਾਨੂੰਨ ਨਿਰਮਾਣ ਦੀਆਂ ਸ਼ਕਤੀਆਂ ਨੂੰ ਤਿੰਨ ਸੂਚੀਆਂ ਵਿਚ ਵੰਡਦਾ ਹੈ। ਪਹਿਲੀ ਹੈ ਸੰਘੀ ਸੂਚੀ। ਇਹ ਉਹ ਵਿਸ਼ੇ ਹਨ ਜਿਨ੍ਹਾਂ ਉਪਰ ਸਿਰਫ ਤੇ ਸਿਰਫ ਸੰਸਦ ਹੀ ਕਾਨੂੰਨ ਬਣਾ ਸਕਦੀ ਹੈ। ਦੂਸਰੀ ਹੈ ਰਾਜ ਸੂਚੀ ਜਿਸ ਉਪਰ ਕੇਵਲ ਰਾਜ ਵਿਧਾਨ ਸਭਾਵਾਂ ਹੀ ਕਾਨੂੰਨ ਬਣਾ ਸਕਦੀਆਂ ਹਨ। ਤੀਸਰੀ ਹੈ ਸਮਵਰਤੀ ਸੂਚੀ ਜਿਸ ਵਿਚ ਸ਼ਾਮਲ ਵਿਸ਼ਿਆ ਉਪਰ ਕਾਨੂੰਨ ਬਣਾਉਣ ਦਾ ਅਧਿਕਾਰ ਸੰਘ ਤੇ ਰਾਜ ਦੋਹਾਂ ਨੂੰ ਹੈ। ਬਕਾਇਆ ਸ਼ਕਤੀਆਂ ਸਾਰੀਆਂ ਸੰਘ ਪਾਸ ਹਨ। ਖੇਤੀਬਾੜੀ ਇਕ ਐਸਾ ਵਿਸ਼ਾ ਹੈ ਜੋ ਰਾਜ ਸੂਚੀ ਦੀ 14ਵੀਂ ਐਂਟਰੀ ਵਜੋਂ ਦਰਜ ਹੈ। ਇਸ ਲਈ ਕੇਵਲ ਰਾਜ ਵਿਧਾਨ ਸਭਾਵਾਂ ਹੀ ਇਸ ਉਪਰ ਕਾਨੂੰਨ ਬਣਾ ਸਕਦੀਆਂ ਹਨ ਪਰ ਜਦੋਂ ਸੰਘੀ ਸੰਸਦ ਨੇ ਖੇਤੀ ਕਾਨੂੰਨਾਂ ਨੂੰ ਪਾਸ ਕੀਤਾ ਤਾਂ ਇਸਨੂੰ ਸੰਵਿਧਾਨ ਦੇ ਸੰਘੀ ਚਰਿੱਤਰ ਉਪਰ ਇਕ ਹਮਲੇ ਵਜੋਂ ਵੇਖਿਆ ਗਿਆ। ਕੇਂਦਰ ਨੇ ਟਰੇਡ ਅਤੇ ਕਾਮਰਸ ਦੇ ਵਿਸ਼ੇ ਨਾਲ ਇਸਨੂੰ ਜੋੜਨ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਨਿਊਜ਼ਲਾਂਡਰੀ ਨੂੰ ਦਿੱਤੇ ਇਕ ਬਿਆਨ ਵਿਚ ਕਿਹਾ;

> ਕਿਸਾਨ ਵਪਾਰ ਨਹੀਂ ਕਰਦੇ। ਉਨ੍ਹਾਂ ਦਾ ਵਪਾਰ ਨਾਲ ਕੋਈ ਵਾਸਤਾ ਨਹੀਂ। ਉਹ ਆਪਣੀ ਉਪਜ ਦਾ ਮੰਡੀਕਰਨ ਕਰਦੇ ਹਨ ਤੇ ਮੰਡੀਕਰਨ ਇਕ ਰਾਜ ਸੂਚੀ ਦਾ ਵਿਸ਼ਾ ਹੈ।
>
> (ਕਠੇਰੀਆ 2020)

## ਰਾਜਸੀ ਦਮਨ ਤੇ ਇਸਦੀ ਸੀਮਾ

ਕਿਸਾਨੀ ਅੰਦੋਲਨ ਨੇ ਬੜੀ ਕਾਮਯਾਬੀ ਨਾਲ ਇਹ ਸਾਬਤ ਕੀਤਾ ਕਿ ਸਟੇਟ ਦੀਆਂ ਆਪਣੇ ਲੋਕਾਂ ਉਪਰ ਦਮਨ ਕਰਨ ਦੀਆਂ ਸ਼ਕਤੀਆਂ ਦੀ ਇਕ ਸੀਮਾ ਹੁੰਦੀ ਹੈ। ਇਸ ਲਿਹਾਜ਼ ਨਾਲ 1917 ਦੇ ਚੰਪਾਰਨ ਅੰਦੋਲਨ ਨਾਲ ਇਸਦੀ ਇਹ ਸਾਂਝ ਬਣਦੀ ਹੈ, ਜਦ ਸ਼ਕਤੀਸ਼ਾਲੀ ਬਰਤਾਨਵੀ ਸਾਮਰਾਜ ਨੇ ਮਹਾਤਮਾ ਗਾਂਧੀ ਦੀ ਹਰਮਨ ਪਿਆਰਤਾ ਨੂੰ ਦੇਖਦੇ ਹੋਏ ਆਪਣੀ ਦਮਨ ਸ਼ਕਤੀ ਦੀ ਸੀਮਾ ਨੂੰ ਪਛਾਣ ਲਿਆ ਸੀ। ਇਹ ਵੱਖਰੀ ਗੱਲ ਹੈ ਕਿ ਦੋ ਸਾਲ ਬਾਅਦ ਹੀ, 1919 ਨੂੰ ਜਲ੍ਹਿਆਂ ਵਾਲਾ ਬਾਗ਼ ਕਤਲੇਆਮ ਤੇ ਇਸ ਤੋਂ ਬਾਅਦ ਲਗਾਏ ਗਏ ਮਾਰਸ਼ਲ ਲਾਅ ਦੌਰਾਨ ਇਸੇ ਸਾਮਰਾਜ ਨੇ ਆਪਣੀਆਂ ਦਮਨ ਸ਼ਕਤੀਆਂ ਦੀ ਬੇਇੰਤਹਾ ਵਰਤੋਂ ਕੀਤੀ ਸੀ।

ਇਹ ਕਿਸਾਨ ਅੰਦੋਲਨ ਚੰਪਾਰਨ ਨਾਲੋਂ ਇਕ ਲਿਹਾਜ ਨਾਲ ਭਿੰਨ ਸੀ। ਚੰਪਾਰਨ ਦੀ ਤਾਕਤ ਮਹਾਤਮਾ ਗਾਂਧੀ ਦੀ ਜਨ-ਸਧਾਰਨ ਵਿਚ ਹਰਮਨ ਪਿਆਰਤਾ ਤੇ ਉਸ ਦੁਆਰਾ ਬ੍ਰਿਟਿਸ਼ ਕਾਨੂੰਨ ਦੀਆਂ ਸੀਮਾਵਾਂ ਨੂੰ ਪਛਾਨਣ ਦੀ ਸਮਝ ਵਿਚੋਂ ਉਪਜਦੀ ਸੀ। ਦੂਸਰੇ ਪਾਸੇ ਕਿਸਾਨੀ ਲੀਡਰਸ਼ਿਪ ਕੋਲ ਕੋਈ ਮਹਾਤਮਾ ਗਾਂਧੀ ਨਹੀਂ ਸੀ। ਇਥੇ ਤਾਂ ਕਿਸਾਨੀ ਜਨ-ਸਧਾਰਨ ਦੀ ਸੰਗਠਿਤ ਤਾਕਤ ਨੇ ਰਾਜਸੀ ਸੱਤਾ ਦੇ ਦਮਨਕਾਰੀ ਤੰਤਰ ਦੇ ਰੱਥ ਨੂੰ ਰੋਕਿਆ ਸੀ। ਪਾਣੀ ਦੀਆਂ ਤੋਪਾਂ ਦੀਆਂ ਬੌਛਾਰਾਂ ਲੋਕਤੰਤਰ ਦੀ ਜਵਾਲਾ ਨੂੰ ਬੁਝਾਉਣ ਵਿਚ ਕਾਮਯਾਬ ਨਹੀਂ ਹੋ ਸਕੀਆਂ ਸਨ। ਹਰਿਆਣਾ ਦਾ ਇਕ ਸਧਾਰਨ ਯੁਵਕ ਨਵਦੀਪ ਉਸ ਵੇਲੇ ਲੋਕਾਂ ਦਾ ਨਾਇਕ ਬਣ ਕੇ ਉਭਰਿਆ ਜਦ ਉਸਨੇ ਵਾਟਰ ਕੈਨਨ ਦਾ ਮੂੰਹ ਬੰਦ ਕਰ ਦਿੱਤਾ। ਇਸੇ ਤਰ੍ਹਾਂ ਹੀ ਪੰਜਾਬ ਵਿਚ ਆਦਾਨੀ ਦੇ ਸਾਈਲੋ ਨੂੰ ਜਾਂਦੀ ਰੇਲ ਗੱਡੀ ਅੱਗੇ ਇਕੱਲਾ ਨੌਜਵਾਨ ਹਿੱਕ ਤਾਣ ਕੇ ਖੜਾ ਹੋ ਗਿਆ ਸੀ। ਅਖ਼ੀਰ ਇਸ ਗੱਡੀ ਨੂੰ ਖਾਲੀ ਹੀ ਮੁੜਨਾ ਪਿਆ ਸੀ। ਦਿੱਲੀ ਨੂੰ ਜਾਂਦੇ ਰਸਤਿਆਂ ਅਤੇ ਪੁਲਾਂ ਉਪਰ ਸਰਕਾਰੀ ਰੁਕਾਵਟਾਂ ਕਿਸਾਨਾਂ ਦੇ "ਦਿੱਲੀ ਚਲੋ" ਦੇ ਉਤਸ਼ਾਹ ਨੂੰ ਖ਼ਤਮ ਨਾ ਕਰ ਸਕੀਆਂ। ਅੰਦੋਲਨਕਾਰੀਆਂ ਨੂੰ ਦਿੱਲੀ ਵਧਣ ਤੋਂ ਰੋਕਣ ਲਈ ਪੁਲਿਸ ਅਤੇ ਸੁਰੱਖਿਆ ਬਲਾਂ ਨੇ ਨੈਸ਼ਨਲ ਹਾਈਵੇ ਦੀ ਜਗ੍ਹਾ-ਜਗ੍ਹਾ ਤੋਂ ਖੁਦਾਈ ਕਰ ਦਿੱਤੀ। ਇਹ ਪਹਿਲੀ ਵਾਰ ਹੋਇਆ ਸੀ ਕਿ ਅੰਦੋਲਨਕਾਰੀਆਂ ਨਾਲ ਨਜਿੱਠਣ ਲਈ ਸਟੇਟ ਨੇ ਜਨਤਕ ਸੰਪਤੀ ਨੂੰ ਆਪਣੇ ਹੱਥੀਂ ਨੁਕਸਾਨ ਪਹੁੰਚਾਇਆ ਸੀ। ਬਸਤਾੜਾ ਟੌਲ ਪਲਾਜ਼ਾ ਉਪਰ ਕਰਨਾਲ ਦੇ ਨੌਜਵਾਨ ਆਈ. ਏ. ਐਸ. ਨੇ ਸ਼ਰੇਆਮ ਅੰਦੋਲਨਕਾਰੀਆਂ ਦੇ ਸਿਰਾਂ ਉੱਤੇ ਲਾਠੀਆਂ ਮਾਰਨ ਦਾ ਹੁਕਮ ਦਿੱਤਾ ਤਾਂ ਇਸ ਨਾਲ ਸਟੇਟ ਨੂੰ ਆਪਣੀ ਦਮਨ ਕਾਰੀ ਸ਼ਕਤੀ ਦੇ ਨੰਗੇ-ਚਿੱਟੇ ਪ੍ਰਗਟਾਵੇ ਲਈ ਵਧੀਕ ਨਾਮੋਸ਼ੀ ਝੱਲਣੀ ਪਈ ਤੇ

ਜਸਟਿਸ ਐੱਸ. ਐੱਨ ਅਗਰਵਾਲ ਦੀ ਅਗਵਾਈ ਹੇਠ ਇਕ ਜਾਂਚ ਕਮਿਸ਼ਨ ਬੈਠਾਇਆ ਗਿਆ। (ਐੱਚ. ਟੀ. ਕਾਰਸਪੌਂਡੈਂਟ 2021) ਕਿਸਾਨੀ ਅੰਦੋਲਨ ਨੇ ਇਹ ਸਾਬਤ ਕਰ ਦਿੱਤਾ ਕਿ ਅਹਿੰਸਕ ਸਿਵਲ ਨਾ ਫੁਰਮਾਨੀ ਲੋਕਤੰਤਰ ਵਿਚ ਰਾਜ ਸੱਤਾ ਦੇ ਆਪਹੁਦਰੇਪਣ ਨੂੰ ਰੋਕਣ ਦੀ ਸਭ ਤੋਂ ਵੱਧ ਕਾਰਗਰ ਰਣਨੀਤੀ ਸੀ। ਇਸ ਤੋਂ ਬਿਨ੍ਹਾਂ ਆਪਣੀ ਸਭ ਸੁਰੱਖਿਆ ਬਲਾਂ ਦੀ ਹਾਜ਼ਰੀ ਦੇ ਬਾਵਜੂਦ ਭਾਰਤੀ ਰਾਜ ਨੇ ਆਪਣੀ ਦਮਨ-ਸ਼ਕਤੀ ਦੀ ਸੀਮਾ ਨੂੰ ਪਛਾਣ ਲਿਆ ਸੀ।

## ਸ਼ਕਤੀ ਅਤੇ ਸੱਤਾ ਦੇ ਵਹਿਣ ਵਿਚ ਪੁੱਠਾ ਮੋੜਾ

ਕਿਸਾਨੀ ਅੰਦੋਲਨ ਨੇ ਸ਼ਕਤੀ ਅਤੇ ਸੱਤਾ ਦੇ ਪ੍ਰੋਟੋਕੋਲ ਦੇ ਵਹਿਣ ਨੂੰ ਪੁੱਠਾ ਮੋੜਾ ਦੇ ਦਿੱਤਾ। ਤੀਸਰੀ ਦੁਨੀਆਂ ਦੀ ਸਭ ਤੋਂ ਪ੍ਰਤੀਨਿਧ ਤਸਵੀਰ ਹੈ, ਸੱਤਾ ਦੇ ਨਸ਼ੇ ਵਿਚ ਚੂਰ ਰਾਜਨੀਤਕ ਨੇਤਾ ਭਾਵੇਂ ਭਾਰਤ ਵਿਚ ਉਦਾਰੀਕਰਨ ਕਾਰਨ ਜਨਤਕ ਸੈਕਟਰ ਏਨਾ ਛੋਟਾ ਹੋ ਗਿਆ ਹੈ ਕਿ ਨੇਤਾਵਾਂ ਤੇ ਮੰਤਰੀਆਂ ਦੇ ਹੱਥ ਵਿਚ ਸੇਵਾਵਾਂ, ਕੀਮਤਾਂ, ਨੌਕਰੀਆਂ ਆਦਿ ਦੇਣ ਦਾ ਇਕਾਧਿਕਾਰ ਨਹੀਂ ਹੈ ਫਿਰ ਵੀ ਰਾਜ ਦੇ ਹੱਥ ਵਿਚ ਆਟਾ ਦਾਲ, ਸਮਾਜਕ ਸੁਰੱਖਿਆ, ਪੈਨਸ਼ਨ ਆਦਿ ਦੀਆਂ ਸ਼ਕਤੀਆਂ ਇਹਨਾਂ ਨੇਤਾਵਾਂ ਨੂੰ 'ਹਜ਼ੂਰ ਮਾਈਬਾਪ' ਵਜੋਂ ਬਣਾ ਕੇ ਪੇਸ਼ ਕਰਦੀਆਂ ਹਨ। ਬਸਤੀਵਾਦੀ ਵਿਰਾਸਤ ਤੋਂ ਪ੍ਰਾਪਤ ਹੋਇਆ ਪ੍ਰੋਟੋਕੋਲ ਤੇ ਸੁਤੰਤਰ ਭਾਰਤ ਵਿਚ ਵੱਡੇ ਪੈਮਾਨੇ ਤੇ ਮਿਲੀ ਪੁਲਿਸ ਸੁਰੱਖਿਆ ਨੇ ਭਾਰਤ ਦੇ ਰਾਜਨੀਤਕ ਨੇਤਾਵਾਂ ਨੂੰ ਯਥਾਰਥ ਤੋਂ ਦੂਰ ਸੱਤਾ ਦਾ ਇਕ ਵੱਖਰਾ ਆਭਾ-ਮੰਡਲ ਸਿਰਜਣ ਦਾ ਮੌਕਾ ਦਿੱਤਾ ਪਰ ਕਿਸਾਨੀ ਅੰਦੋਲਨ ਨੇ ਇਸ ਦਿਉ-ਕੱਦ ਰਾਜਨੀਤਕ ਨੇਤਾ ਦਾ ਸਾਰਾ ਆਭਾ ਮੰਡਲ ਖੋਹ ਕੇ ਉਸਨੂੰ ਇਕ ਸਾਧਾਰਨ ਜੀਵ ਵਿਚ ਤਬਦੀਲ ਕਰ ਦਿੱਤਾ। ਸੰਯੁਕਤ ਕਿਸਾਨ ਮੋਰਚੇ ਨੇ ਸਾਰੇ ਅੰਦੋਲਨ ਦੌਰਾਨ ਰਾਜਨੀਤਕ ਧਿਰਾਂ ਦਾ ਮੁਕੰਮਲ ਬਾਈਕਾਟ ਕਰੀ ਰੱਖਿਆ। ਸਿੰਘੂ ਅਤੇ ਟੀਕਰੀ ਬਾਰਡਰ ਦੀਆਂ ਸਟੇਜਾਂ ਉਪਰ ਇਸ ਅਸੂਲ ਉਪਰ ਮੁਕੰਮਲ ਪਹਿਰਾ ਦਿੱਤਾ ਗਿਆ। ਉਨ੍ਹਾਂ ਨੇ ਆਪਣੀ ਸਟੇਜ ਉਪਰ ਕਿਸੇ ਵੀ ਰਾਜਨੀਤਕ ਆਗੂ ਨੂੰ ਜਗ੍ਹਾ ਨਹੀਂ ਦਿੱਤੀ। ਇਸ ਸਾਰੇ ਸਮੇਂ ਦੌਰਾਨ ਰਾਜਨੀਤਕ ਆਗੂਆਂ ਦੀ ਸਭ ਤੋਂ ਵੱਡੀ ਖਾਹਸ਼ ਇਹੀ ਬਣੀ ਰਹੀ ਕਿ ਕਿਸੇ ਤਰ੍ਹਾਂ ਉਨ੍ਹਾਂ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਸੰਬੋਧਨ ਕਰਨ ਦਾ ਮੌਕਾ ਮਿਲੇ। ਪਿੰਡਾਂ ਅਤੇ ਸ਼ਹਿਰਾਂ ਵਿਚ ਵੱਡੇ-ਵੱਡੇ ਰਾਜਨੀਤਕ ਆਗੂਆਂ ਨੂੰ ਲੋਕਾਂ ਦੇ ਵਿਰੋਧ ਅਤੇ ਰੋਹ ਦਾ ਸਾਹਮਣਾ ਕਰਨਾ ਪਿਆ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਕਈ ਵਾਰ ਹੈਲੀਪੈਡ ਘੇਰਾਉ ਹੋਣ ਕਾਰਨ ਆਪਣਾ ਪ੍ਰੋਗਰਾਮ ਮੁਲਤਵੀ ਕਰਨਾ ਪਿਆ। ਬੀ.ਜੇ.ਪੀ. ਆਗੂ ਵਿਸ਼ੇਸ਼ ਤੌਰ 'ਤੇ ਕਿਸਾਨਾਂ ਦੇ ਰੋਹ ਦਾ ਸ਼ਿਕਾਰ ਹੋਏ।

ਇਸ ਤਰ੍ਹਾਂ ਦੀਆਂ ਅਨੇਕਾਂ ਹੀ ਉਦਾਹਰਨਾਂ ਹਨ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਕਿਸਾਨ ਅੰਦੋਲਨ ਦੌਰਾਨ ਰਾਜਨੀਤਕ ਸੱਤਾ ਦੀ ਸਾਰੀ ਰਵਾਇਤੀ ਚਮਕ ਦਮਕ ਗੁੰਮ ਹੋ ਚੁੱਕੀ ਸੀ। ਵੱਖ-ਵੱਖ ਰਾਜਨੀਤਕ ਦਲਾਂ ਨੇ ਕਿਸਾਨ ਅੰਦੋਲਨ ਨੂੰ ਆਪਣੇ ਰਾਜਸੀ ਹਿੱਤਾਂ ਲਈ ਇਸਤੇਮਾਲ ਕਰਨ ਦੀ ਕਾਫੀ ਕੋਸ਼ਿਸ਼ ਕੀਤੀ ਪਰ ਉਹ ਇਸ ਵਿਚ ਭੋਰਾ ਵੀ ਕਾਮਯਾਬ ਨਾ ਹੋ ਸਕੇ।

## 'ਭਾਈਚਾਰੇ' ਦੀ ਰਾਜਨੀਤਕ ਸਿਧਾਂਤ ਵਜੋਂ ਪੁਨਰ-ਸਥਾਪਤੀ

ਫਰਾਂਸੀਸੀ ਕ੍ਰਾਂਤੀ (1789) ਦੌਰਾਨ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਨਾਅਰੇ ਨੇ ਇਨ੍ਹਾਂ ਤਿੰਨ ਸੰਕਲਪਾਂ ਨੂੰ ਉਦਾਰ ਲੋਕਤੰਤਰ ਅਤੇ ਗਣਤੰਤਰ ਦੇ ਪ੍ਰਤੀਨਿਧ ਆਦਰਸ਼ਾਂ ਵਜੋਂ ਸਥਾਪਿਤ ਕੀਤਾ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵੀ ਸੁਤੰਤਰਤਾ ਅਤੇ ਸਮਾਨਤਾ ਦੇ ਨਾਲ ਨਾਲ ਭਾਈਚਾਰੇ ਦੇ ਆਦਰਸ਼ਾਂ ਨੂੰ ਪੂਰਨ ਤੌਰ 'ਤੇ ਮਾਨਤਾ ਦੇਂਦੀ ਹੈ। ਭਾਰਤ ਵਿਚ ਧਰਮ ਜਾਤ ਅਤੇ ਇਲਾਕੇ ਦੀ ਵੰਡ ਦੇ ਆਧਾਰ 'ਤੇ ਕੀਤੀ ਜਾਂਦੀ ਦਲਗਤ ਰਾਜਨੀਤੀ ਨੇ ਕਦੇ ਵੀ ਭਾਈਚਾਰੇ ਦੇ ਸੰਕਲਪ ਨੂੰ ਇਕ ਰਾਜਨੀਤਕ ਆਦਰਸ਼ ਵਜੋਂ ਵਿਕਸਤ ਨਹੀਂ ਹੋਣ ਦਿੱਤਾ। ਜਵਾਹਰ ਲਾਲ ਨਹਿਰੂ ਦੇ ਸਮਾਜਵਾਦੀ ਆਦਰਸ਼ਾਂ ਉਪਰ ਅਧਾਰਿਤ ਰਾਜ-ਕਾਲ ਦੌਰਾਨ ਧਰਮ ਨਿਰਪੇਖਤਾ ਦੇ ਸੰਕਲਪ ਨੇ ਭਾਈਚਾਰੇ ਦੇ ਆਦਰਸ਼ ਨੂੰ ਥੋੜ੍ਹ ਚਿਰਾ ਹੁੰਗਾਰਾ ਦਿੱਤਾ ਪਰ ਫਿਰ ਕਾਂਗਰਸ ਦੇ ਹੀ ਸ਼ਾਸਨ ਦੌਰਾਨ ਰਾਜਨੀਤੀ ਵਿਚ ਸੰਪਰਦਾਇਕਤਾ ਦੇ ਉਭਾਰ ਨਾਲ ਇਸ ਆਦਰਸ਼ ਦਾ ਤਾਣਾ-ਬਾਣਾ ਛਿੱਜਦਾ ਗਿਆ। ਕਿਸਾਨ ਅੰਦੋਲਨ ਨੇ ਦਿੱਲੀ ਦੀਆਂ ਬਰੂਹਾਂ ਉਪਰ ਭਾਈਚਾਰੇ ਦੀ ਇਕ ਰਾਜਨੀਤਕ ਆਦਰਸ਼ ਵਜੋਂ ਪੁਨਰ-ਬਹਾਲੀ ਕੀਤੀ। ਇਸ ਵਿਚ ਸਿੱਖ ਧਰਮ ਦੇ ਲੰਗਰ ਦੀ ਸੰਸਥਾ ਅਤੇ ਸੇਵਾ ਦੇ ਆਦਰਸ਼ ਨੇ ਬਹੁਤ ਵੱਡਾ

ਯੋਗਦਾਨ ਪਾਇਆ। ਲੰਗਰ ਅਤੇ ਸੇਵਾ ਦੇ ਵਿਵਹਾਰ ਦੇ ਮੀਡੀਆ ਵਿਚ ਚਿਹਨਮਈ ਪ੍ਰਸਾਰ ਨੇ ਸਿੱਖ ਕਿਸਾਨ ਭਾਈਚਾਰੇ ਪ੍ਰਤੀ ਇਕ ਬੇਹੱਦ ਉਸਾਰੂ ਮਾਹੌਲ ਬਨਾਉਣ ਵਿਚ ਮਦਦ ਕੀਤੀ।

ਕਿਸਾਨ ਅੰਦੋਲਨ ਵੇਲੇ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚੋਂ ਇਕ ਸੀ ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿਚ ਰਵਾਇਤੀ ਰਾਜਨੀਤਕ ਵਿਰੋਧ ਦੀ ਭਾਵਨਾ ਦਾ ਖ਼ਤਮ ਹੋਣਾ। 1982 ਵਿਚ ਏਸ਼ੀਆਈ ਖੇਡਾਂ ਵੇਲੇ ਮੁੱਖ ਮੰਤਰੀ ਭਜਨ ਲਾਲ ਦੀ ਸਰਕਾਰ ਨੇ ਸਿੱਖਾਂ ਨੂੰ ਦਿੱਲੀ ਪਹੁੰਚਣ ਤੋਂ ਰੋਕਣ ਲਈ ਪੁਲਿਸ ਸੱਤਾ ਦੀ ਜਿਸ ਤਰ੍ਹਾਂ ਦੁਰਵਰਤੋਂ ਕੀਤੀ ਸੀ, ਉਸਨੇ ਪੰਜਾਬ ਦੇ ਸਿੱਖ ਭਾਈਚਾਰੇ ਵਿਚ ਹਰਿਆਣੇ ਪ੍ਰਤੀ ਇਕ ਦੀਰਘ ਕਾਲੀਨ ਰੋਸ ਦੀ ਭਾਵਨਾ ਨੂੰ ਜਨਮ ਦਿੱਤਾ ਸੀ। ਇਸਦੇ ਬਾਅਦ ਵੀ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਤੇ ਸਭ ਤੋਂ ਵੱਧ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਦੋਹਾਂ ਰਾਜਾਂ ਦੇ ਲੋਕ ਇਕ ਦੂਸਰੇ ਨੂੰ ਬੇਗ਼ਾਨਗੀ ਤੇ ਉਦਾਸੀਨਤਾ ਦੀ ਨਜ਼ਰ ਨਾਲ ਵੇਖਦੇ ਰਹੇ ਹਨ ਪਰ ਜਦ ਦਿੱਲੀ ਬਾਰਡਰ ਉਪਰ ਪੰਜਾਬ, ਹਰਿਆਣਾ, ਪੱਛਮੀ ਯੂ. ਪੀ. ਦੇ ਕਿਸਾਨਾਂ ਤੇ ਆਮ ਲੋਕਾਂ ਨੂੰ ਲੰਮਾ ਸਮਾਂ ਇਕ ਦੂਸਰੇ ਦੇ ਸੰਪਰਕ ਵਿਚ ਰਹਿਣ ਦਾ ਮੌਕਾ ਮਿਲਿਆ ਤਾਂ ਇਕ ਦੂਸਰੇ ਭਾਈਚਾਰੇ ਸਬੰਧੀ ਪਾਏ ਜਾਂਦੇ ਪੂਰਵਾਗ੍ਰਹਿ ਆਦਿ ਨੂੰ ਖ਼ਤਮ ਕਰਨ ਦਾ ਮੌਕਾ ਮਿਲਿਆ। ਪੰਜਾਬ, ਹਰਿਆਣਾ ਤੇ ਪੱਛਮੀ ਯੂ. ਪੀ. ਦੀ ਨਵੀਂ ਭਾਈਚਾਰਕ ਸਾਂਝ ਸਦਕਾ ਗਾਜ਼ੀਪੁਰ ਬਾਰਡਰ ਉਪਰ ਰਾਕੇਸ਼ ਟਿਕੈਤ ਦੀ ਹੰਝੂਆਂ ਭਰੀ ਤਕਰੀਰ ਨੂੰ ਇਕ ਐਸਾ ਹੁੰਗਾਰਾ ਮਿਲਿਆ, ਜਿਸ ਨੇ ਅੰਦੋਲਨ ਵਿਚ ਨਵਾਂ ਉਤਸ਼ਾਹ ਭਰ ਦਿੱਤਾ। ਕਈ ਵਾਰ ਸਮਾਜਕ ਅੰਦੋਲਨ ਕੁਝ ਵਰਗਾਂ ਵਿਚ ਦੁਫੇੜ ਪਾਉਣ ਦਾ ਸਬੱਬ ਬਣ ਜਾਂਦੇ ਹਨ ਪਰ ਕਿਸਾਨੀ ਅੰਦੋਲਨ ਨੇ ਇਸ ਦੇ ਉਲਟ ਨਤੀਜੇ ਹਾਸਲ ਕੀਤੇ।

## ਕਿਸਾਨ ਅੰਦੋਲਨ ਦਾ ਸਿੱਖ ਪ੍ਰਸੰਗ

ਇਹ ਠੀਕ ਹੈ ਕਿ ਸਾਰੇ ਸਿੱਖ ਕਿਸਾਨ ਨਹੀਂ ਤੇ ਸਾਰੇ ਕਿਸਾਨ ਸਿੱਖ ਨਹੀਂ। ਸਿੱਖ ਭਾਰਤ ਦੀ ਇਕ ਬਹੁਤ ਹੀ ਛੋਟੀ ਜਿਹੀ ਧਾਰਮਿਕ ਘੱਟ ਗਿਣਤੀ ਹਨ ਜਿਹੜੇ ਭਾਰਤ ਦੀ ਕੁੱਲ ਆਬਾਦੀ ਦਾ ਕੇਵਲ ਦੋ ਪ੍ਰਤੀਸ਼ਤ ਹਨ। ਪੰਜਾਬ ਵਿਚ ਇਨ੍ਹਾਂ ਦੀ ਆਬਾਦੀ ਮਾਮੂਲੀ ਬਹੁਗਿਣਤੀ ਵਿਚ ਹੈ। ਪੰਜਾਬ ਪੂਰੇ ਗਲੋਬ ਉਪਰ ਮੌਜੂਦ ਇਕੋ ਇਕ ਐਸੀ ਰਾਜਨੀਤਕ ਇਕਾਈ ਹੈ ਜਿਥੇ ਸਿੱਖ ਬਹੁਗਿਣਤੀ ਪਾਈ ਜਾਂਦੀ ਹੈ। ਇਸਦੇ ਨਾਲ ਹੀ ਪੰਜਾਬ ਰਵਾਇਤੀ ਤੌਰ 'ਤੇ ਹਰੀ ਕ੍ਰਾਂਤੀ ਦਾ ਸੂਬਾ ਮੰਨਿਆ ਗਿਆ ਹੈ। ਹਰੀ ਕ੍ਰਾਂਤੀ ਨੇ ਭਾਰਤ ਵਿਚ ਖੇਤੀ ਦੇ ਵਿਕਾਸ ਅਤੇ ਭੋਜਨ ਸੁਰੱਖਿਆ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਦੀ ਖੇਤੀ ਯੋਗ ਜ਼ਮੀਨ ਉਪਰ ਸਭ ਤੋਂ ਵੱਧ ਮਾਲਕੀ ਪੰਜਾਬ ਦੇ ਜੱਟ ਸਿੱਖ ਭਾਈਚਾਰੇ ਪਾਸ ਹੈ। ਇਸ ਲਈ ਕਿਸਾਨੀ ਅੰਦੋਲਨ ਦਾ ਸਿੱਖ ਪ੍ਰਬੰਧ ਉੱਘੜ ਕੇ ਸਾਹਮਣੇ ਆਇਆ ਭਾਵੇਂ ਕਿ ਬਾਰਡਰ ਉਪਰ ਲੱਗੇ ਕਿਸਾਨ ਮੋਰਚੇ ਵਿਚ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦੀ ਵੀ ਸ਼ਮੂਲੀਅਤ ਸੀ। ਫਿਰ ਵੀ ਇਸ ਅੰਦੋਲਨ ਨੂੰ ਸਰਕਾਰ ਅਤੇ ਮੀਡੀਆ ਵੱਲੋਂ ਕਈ ਵਾਰ ਇਕ ਸਿੱਖ ਅੰਦੋਲਨ ਦੀ ਸ਼ਕਲ ਵਿਚ ਪ੍ਰਸਤੁਤ ਕੀਤਾ ਗਿਆ। ਇਸਦੇ ਤਿੰਨ ਪੱਖ ਉੱਭਰਕੇ ਸਾਹਮਣੇ ਆਏ।

ਇਕ, ਕਿਸਾਨੀ ਅੰਦੋਲਨ ਵਿਚ ਸਿੱਖ ਸੰਸਥਾਵਾਂ, ਰਵਾਇਤਾਂ ਤੇ ਸਭਿਆਚਾਰ ਦਾ ਬੋਲਬਾਲਾ ਵੇਖਿਆ ਜਾ ਸਕਦਾ ਸੀ।

ਦੋ, ਕੁਝ ਕੁ ਰੈਡੀਕਲ ਸਿੱਖ ਜਥੇਬੰਦੀਆਂ ਅਥਵਾ ਚਿੰਤਕਾਂ ਵਲੋਂ ਇਸ ਨੂੰ ਸਿੱਖ ਪ੍ਰਭੂਸੱਤਾ ਦੇ ਉਭਾਰ ਵਲੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ।

ਤਿੰਨ, ਭਾਰਤ ਸਰਕਾਰ ਤੇ ਮੀਡੀਆ ਵਲੋਂ ਪਹਿਲਾਂ ਤੇ 26 ਜਨਵਰੀ ਦੀ ਘਟਨਾ ਤੋਂ ਬਾਦ ਇਸਨੂੰ ਸਿੱਖ ਵੱਖਵਾਦ ਦੀ ਲਹਿਰ ਵਜੋਂ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕੀਤੀ ਗਈ।

## ਲੰਗਰ ਤੇ ਲੋਕਤੰਤਰ

ਕਿਸਾਨ ਅੰਦੋਲਨ ਨੂੰ ਸੰਗਠਿਤ ਕਰਨ ਅਤੇ ਕਾਮਯਾਬ ਬਨਾਉਣ ਵਿਚ ਸਿੱਖ ਵਿਰਾਸਤ ਅਤੇ ਸਿੱਖ ਸੰਸਥਾਵਾਂ ਦਾ ਉੱਘਾ ਯੋਗਦਾਨ ਸੀ। ਲੰਗਰ ਦੀ ਸੰਸਥਾ ਇਸ ਅੰਦੋਲਨ ਦਾ ਸਭ ਤੋਂ ਵੱਡਾ ਵਿਜ਼ੂਅਲ ਚਿਹਨ ਬਣ ਕੇ ਦੁਨੀਆਂ ਦੇ ਸਾਹਮਣੇ ਆਈ। ਵੱਡੀ ਗਿਣਤੀ ਵਿਚ ਅੰਦੋਲਨਕਾਰੀ ਕਿਸਾਨਾਂ ਦਾ ਦਿੱਲੀ ਬਾਰਡਰ ਉਪਰ ਇਕ ਸਾਲ ਤੋਂ ਵੱਧ ਸਮੇਂ ਲਈ ਠਹਿਰਨਾ ਸਿਰਫ ਲੰਗਰ ਦੀ ਸੰਸਥਾ ਸਦਕਾ ਹੀ ਸੰਭਵ ਹੋ ਸਕਿਆ। ਲੰਗਰ ਦੇ ਪਿੱਛੇ ਸਿੱਖ ਧਰਮ ਦਾ ਸੇਵਾ ਦਾ ਸੰਕਲਪ ਕਾਰਜਸ਼ੀਲ ਸੀ।

ਇਹ ਪਹਿਲੀ ਵਾਰ ਨਹੀਂ ਸੀ ਕਿ ਲੰਗਰ ਦੀ ਸੰਸਥਾ ਨੇ ਸਮਾਜਕ ਰਾਜਨੀਤਕ ਅੰਦੋਲਨਾਂ ਵਿਚ ਏਨਾ ਭਰਪੂਰ ਯੋਗਦਾਨ ਪਾਇਆ। 1929 ਵਿਚ ਰਾਵੀ ਕੰਢੇ ਹੋਣ ਵਾਲੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਇਤਿਹਾਸਕ ਲਾਹੌਰ ਸੈਸ਼ਨ ਵਿਚ ਲੰਗਰ ਦਾ ਪ੍ਰਬੰਧ ਨਾਮਧਾਰੀ ਸਿੱਖਾਂ ਨੇ ਕੀਤਾ ਸੀ। ਇਹ ਪਹਿਲੀ ਵਾਰ ਸੀ ਜਦ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਕਾਂਗਰਸ ਡੈਲੀਗੇਟ ਲੰਗਰ ਦੀ ਪ੍ਰਥਾ ਤੋਂ ਵਾਕਫ਼ ਹੋਏ। ਪਿਛਲੇ ਦਹਾਕਿਆਂ ਵਿਚ ਦਿੱਲੀ ਦੇ ਜੰਤਰ ਮੰਤਰ ਵਿਖੇ ਲੰਮੇ ਸਮੇਂ ਤੋਂ ਚਲਦੇ ਵੱਖ ਵੱਖ ਅੰਦੋਲਨਾਂ ਦੌਰਾਨ ਗੁਰੁਦੁਆਰਾ ਬੰਗਲਾ ਸਾਹਿਬ ਤੋਂ ਲੰਗਰ ਪਹੁੰਚਾਇਆ ਜਾਂਦਾ ਸੀ। ਇਸੇ ਰਵਾਇਤ ਨੂੰ ਵੇਖ ਕੇ ਲੰਗਰ ਨੂੰ ਲੋਕਤੰਤਰ ਨਾਲ ਜੋੜਦਿਆਂ ਐਨ.ਡੀ.ਟੀ.ਵੀ ਨੇ ਰੀਪੋਰਟ ਪੇਸ਼ ਕੀਤੀ ਸੀ।

ਕਿਸਾਨੀ ਅੰਦੋਲਨ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਕਾਰਸੇਵਾ ਸੰਪਰਦਾਵਾਂ ਆਦਿ ਦਾ ਬਹੁਤ ਵੱਡਾ ਯੋਗਦਾਨ ਰਿਹਾ। ਲੰਗਰ ਦੀ ਸੇਵਾ ਦਿੱਲੀ, ਪੰਜਾਬ, ਹਰਿਆਣਾ ਤੇ ਯੂ.ਪੀ, ਉਤਰਾਖੰਡ ਦੇ ਸਿੱਖਾਂ ਤਕ ਸੀਮਤ ਨਾ ਰਹੀ ਬਲਕਿ ਹਰਿਆਣਾ ਦੇ ਸਾਰੇ ਭਾਈਚਾਰਿਆਂ ਨੇ ਵੀ ਇਸ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਇਸ ਅੰਦੋਲਨ ਨੇ ਪੰਜਾਬ ਦੇ ਨੌਜਵਾਨਾਂ ਨੂੰ ਵੀ ਸਿੱਖ ਵਿਰਾਸਤ ਨਾਲ ਵੱਡੇ ਪੈਮਾਨੇ ਉਪਰ ਜੋੜਿਆ।

## ਗਾਂਧੀਵਾਦੀ ਲਹਿਰਾਂ ਅਥਵਾ ਅਕਾਲੀ ਮੋਰਚੇ

ਖੇਤੀ ਕਾਨੂੰਨਾਂ ਬਾਰੇ ਇਕ ਮੋਟੀ ਜਿਹੀ ਸਹਿਮਤੀ ਸਭ ਪਾਸੇ ਇਹ ਸੀ ਕਿ ਵਿਸ਼ਵ ਵਪਾਰ ਸੰਗਠਨ ਦੇ ਹਿੱਤਾਂ ਲਈ ਨਵ-ਉਦਾਰਵਾਦੀ ਏਜੰਡੇ ਨੂੰ ਲਾਗੂ ਕਰਨ ਲਈ ਇਹ ਕਾਨੂੰਨ ਪਾਸ ਕੀਤੇ ਗਏ। ਕੇਂਦਰੀ ਸਰਕਾਰ ਦੀ ਨਿੱਜੀਕਰਨ ਦੀ ਨੀਤੀ ਤੋਂ ਇਹ ਸਪੱਸ਼ਟ ਹੋ ਗਿਆ ਕਿ ਇਹ ਆਰਥਿਕ ਖੇਤਰ ਵਿਚ ਰਾਜ ਦੀ ਭੂਮਿਕਾ ਨੂੰ ਲਗਭਗ ਖ਼ਤਮ ਕਰ ਦੇਣਾ ਚਾਹੁੰਦੀ ਹੈ।

ਜਿਸ ਵੇਲੇ ਦੇਸ਼ ਦੇ ਕਿਸਾਨ ਅਨਾਜ ਭੰਡਾਰਨ ਖੇਤਰ ਵਿਚ ਅਦਾਨੀ ਗਰੁੱਪ ਦੇ ਆਗਮਨ ਦਾ ਵਿਰੋਧ ਕਰ ਰਹੇ ਸਨ, ਉਸਦੀਆਂ ਕੰਪਨੀਆਂ ਨੂੰ ਬੰਦਰਗਾਹਾਂ ਤੇ ਹਵਾਈ ਅੱਡਿਆਂ ਦੇ ਠੇਕੇ ਧੜਾਧੜ ਮਿਲ ਰਹੇ ਸਨ। ਕਿਸਾਨ ਇਸ ਵੇਲੇ ਨਵ-ਉਦਾਰਵਾਦ ਦੀ ਵਿਚਾਰਧਾਰਾ ਦੇ ਵਿਰੋਧ ਵਿਚ ਸਭ ਤੋਂ ਅੱਗੇ ਤੇ ਸਭ ਤੋਂ ਸੰਗਠਿਤ ਧਿਰ ਬਣਕੇ ਉੱਭਰੇ ਸਨ। ਕਿਸਾਨ ਧਿਰਾਂ ਨੇ ਆਪਣੇ ਸੰਘਰਸ਼ ਦੇ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਸਿਵਲ ਨਾ ਫ਼ੁਰਮਾਨੀ ਦੇ ਰਸਤੇ ਨੂੰ ਚੁਣਿਆ। ਰਵਾਇਤੀ ਤੌਰ 'ਤੇ ਇਸ ਵਿਧੀ ਨੂੰ ਬਰਤਾਨਵੀ ਸਾਮਰਾਜ ਵਿਰੁੱਧ ਗਾਂਧੀਵਾਦੀ ਸੰਘਰਸ਼ ਨਾਲ ਜੋੜਿਆ ਜਾਂਦਾ ਹੈ ਕਿਉਂਕਿ ਦਿੱਲੀ ਦਾ ਕਿਸਾਨੀ ਅੰਦੋਲਨ ਪੰਜਾਬ ਦੇ ਕਿਸਾਨਾਂ ਦੁਆਰਾ ਆਰੰਭ ਕੀਤਾ ਗਿਆ ਸੀ, ਇਸ ਲਈ ਇਸ ਗੁੰਝਲ ਉਪਰ ਚਾਨਣਾ ਪਾਉਣਾ ਜ਼ਰੂਰੀ ਹੈ। ਮੀਡੀਆ ਨੂੰ ਜ਼ਿਆਦਾਤਰ ਕਿਸਾਨੀ ਸੰਘਰਸ਼ ਦੀ ਇਸ ਵਿਧੀ ਨੂੰ ਗਾਂਧੀਵਾਦੀ ਆਦਰਸ਼ਾਂ ਤੋਂ ਪ੍ਰੇਰਿਤ ਦੱਸਿਆ ਪਰ ਅਜਿਹਾ ਕਰਦਿਆਂ ਮੀਡੀਆ ਨੇ ਪੰਜਾਬੀ ਕਿਸਾਨਾਂ ਦੀ ਵਿਚਾਰਧਾਰਕ ਪਿੱਠਭੂਮੀ ਪ੍ਰਤੀ ਗਹਿਰੀ ਅਗਿਆਨਤਾ ਦਾ ਪ੍ਰਗਟਾਵਾ ਕੀਤਾ।

ਰਵਾਇਤੀ ਰੂਪ ਵਿਚ ਪੰਜਾਬੀ ਕਿਸਾਨ ਕਦੇ ਵੀ ਮਹਾਤਮਾ ਗਾਂਧੀ ਜਾਂ ਉਨ੍ਹਾਂ ਦੇ ਅੰਦੋਲਨਾਂ ਦਾ ਉਤਸ਼ਾਹੀ ਸਮਰਥਕ ਨਹੀਂ ਰਿਹਾ। ਪੰਜਾਬੀ ਕਿਸਾਨ ਦਾ ਪ੍ਰੇਰਨਾ ਸਰੋਤ ਗਾਂਧੀਵਾਦੀ ਲਹਿਰਾਂ ਨਹੀਂ ਬਲਕਿ ਅਕਾਲੀ ਮੋਰਚੇ ਰਹੇ ਹਨ। 1920 ਵਿਚ ਅਕਾਲੀਆਂ ਨੇ ਬੜੀ ਕਾਮਯਾਬੀ ਨਾਲ ਸ਼ਾਂਤਮਈ ਸਿਵਲ ਨਾ ਫ਼ੁਰਮਾਨੀ ਲਹਿਰਾਂ ਚਲਾਈਆਂ ਜਿਨ੍ਹਾਂ ਨੂੰ ਅਕਾਲੀ ਮੋਰਚਿਆ ਦੇ ਨਾਮ ਨਾਲ ਯਾਦ ਕੀਤਾ ਗਿਆ। ਸੁਤੰਤਰਤਾ ਤੋਂ ਬਾਦ ਸ਼੍ਰੋਮਣੀ ਅਕਾਲੀ ਦਲ ਨੇ ਬੜੀ ਕਾਮਯਾਬੀ ਨਾਲ ਪੰਜਾਬੀ ਸੂਬਾ ਮੋਰਚਾ (1957-1964), ਐਮਰਜੈਂਸੀ ਵਿਰੋਧੀ ਮੋਰਚਾ (1975) ਤੇ ਧਰਮਯੁੱਧ ਮੋਰਚਾ (1982) ਦੀ ਅਗਵਾਈ ਕੀਤੀ। ਇਨ੍ਹਾਂ ਮੋਰਚਿਆਂ ਨੂੰ ਕਾਮਯਾਬ ਬਨਾਉਣ ਵਿਚ ਸਿੱਖ ਕਿਸਾਨੀ ਦਾ ਉੱਘਾ ਯੋਗਦਾਨ ਸੀ। ਇਸ ਤੋਂ ਬਿਨ੍ਹਾਂ ਵੀ ਪੰਜਾਬ ਵਿਚ ਕਿਸਾਨੀ ਸੰਘਰਸ਼ਾਂ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ।

## ਪੰਜਾਬੀ ਗਾਇਕੀ ਤੇ ਕਿਸਾਨ ਅੰਦੋਲਨ

ਭਾਰਤ ਵਿਚ ਸੰਸਕ੍ਰਿਤੀ ਬਜ਼ਾਰ ਵਿਚ ਪੰਜਾਬੀ ਸੰਗੀਤ ਉਦਯੋਗ ਗ਼ੈਰ-ਫ਼ਿਲਮ ਸੰਗੀਤ ਦੀ ਦੁਨੀਆਂ ਵਿਚ ਸਭ ਤੋਂ ਵੱਡਾ ਉਦਯੋਗ ਹੈ। ਪੰਜਾਬੀ ਸੰਗੀਤ ਜਗਤ ਆਪਣੇ ਖੇਤਰ ਲਈ ਵਧੇਰੇ ਕਰਕੇ ਇੰਡਸਟਰੀ ਸ਼ਬਦ ਦਾ ਪ੍ਰਯੋਗ ਕਰਦਾ ਹੈ। ਲੰਮੇ ਸਮੇਂ ਤੋਂ ਇਹ ਇੰਡਸਟਰੀ ਪੰਜਾਬੀ ਗਾਇਕੀ ਵਿਚ ਹਥਿਆਰਾਂ,

ਗੈਂਗਸਟਰਜ਼, ਹਿੰਸਾ, ਔਰਤ ਨੂੰ ਇਕ ਵਸਤੂ ਬਣਾ ਕੇ ਪੇਸ਼ ਕਰਨਾ ਤੇ ਸਭ ਤੋਂ ਵੱਧ, ਅਖੌਤੀ ਜੱਟਵਾਦ ਦੀ ਮਹਿਮਾ ਕਰਨ ਲਈ ਜਾਣੀ ਜਾਂਦੀ ਰਹੀ ਹੈ। ਨਿਰਸੰਦੇਹ ਅਜਿਹੀ ਗਾਇਕੀ ਦੀ ਹਰਮਨ ਪਿਆਰਤਾ ਬਹੁਤ ਜ਼ਿਆਦਾ ਸੀ, ਪਰ ਇਸ ਉਪਰ ਇਕ ਨਾਂਹਵਾਚਕ ਪਾਪੂਲਰ ਕਲਚਰ ਪੈਦਾ ਕਰਨ ਦੇ ਦੋਸ਼ ਵੀ ਲਗਦੇ ਸਨ। ਇਹੀ ਕਾਰਨ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬੀ ਗਾਣਿਆਂ ਲਈ ਇਕ ਸੈਂਸਰ ਬੋਰਡ ਦੇ ਗਠਨ ਦੀ ਕਵਾਇਦ ਸ਼ੁਰੂ ਕੀਤੀ। ਇਸੇ ਤਹਿਤ ਆਪਣੇ ਗੀਤਾਂ ਵਿਚ ਹਿੰਸਾ ਅਤੇ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਹੇਠ ਕੁਝ ਵੱਡੇ ਗਾਇਕਾਂ ਉਪਰ ਕੇਸ ਵੀ ਦਰਜ ਕੀਤੇ ਗਏ। ਕੁਝ ਇਕ ਅਪਵਾਦਾਂ ਨੂੰ ਛੱਡ ਕੇ ਇਹ ਪ੍ਰਭਾਵ ਬਣ ਚੁੱਕਾ ਸੀ ਕਿ ਪੰਜਾਬੀ ਸੰਗੀਤ ਜਗਤ ਦੇ ਕਲਾਕਾਰ ਕਿਸੇ ਵੀ ਤਰ੍ਹਾਂ ਦੀ ਸਮਾਜਕ ਚੇਤਨਾ ਤੋਂ ਅਣਭਿੱਜ ਹਨ ਤੇ ਉਹ ਸਿਰਫ ਮਿਊਜ਼ਿਕ ਕੰਪਨੀਆਂ ਦੇ ਕਾਂਟਰਕੈਂਟ ਵਿਚ ਬੱਝੇ ਆਪਣਾ ਕਲਾ ਉਤਪਾਦਨ ਦਾ ਕਾਰਜ ਕਰ ਰਹੇ ਸਨ ਪਰ ਕਿਸਾਨੀ ਅੰਦੋਲਨ ਦੀ ਸ਼ੁਰੂਆਤ ਨੇ ਇੰਡਸਟਰੀ ਦੇ ਪ੍ਰਮੁੱਖ ਨਾਵਾਂ ਦਾ ਇਕ ਵੱਖਰਾ ਰੂਪ ਲੋਕਾਂ ਸਾਹਮਣੇ ਲਿਆਂਦਾ। ਬਹੁਤ ਸਾਰੇ ਨਾਮ ਇਸ ਅੰਦੋਲਨ ਦੇ ਉਤਸ਼ਾਹੀ ਸਮਰਥਕ ਬਣ ਕੇ ਸਾਹਮਣੇ ਆਏ ਅਤੇ ਖੇਤੀ ਬਿੱਲਾਂ ਦਾ ਵਿਰੋਧ ਕਰਨ ਲੱਗੇ। ਮਨਕੀਰਤ ਔਲਖ, ਨਿਸ਼ਾਨ ਭੁੱਲਰ, ਜੱਸ ਬਾਜਵਾ, ਜਾਰਡਨ ਸੰਧੂ, ਫ਼ਾਜ਼ਿਲਪੁਰੀਆ, ਦਿਲਪ੍ਰੀਤ ਢਿੱਲੋਂ, ਸ੍ਰੀ ਬਰਾੜ ਅਤੇ ਅਫਸਾਨਾ ਖਾਨ ਜਿਹੇ ਪਾਪੂਲਰ ਗਾਇਕਾਂ ਨੇ ਇਕੱਠੇ ਹੋ ਕੇ ਇਕ ਕਿਸਾਨ ਐਂਥਮ ਦੀ ਰਚਨਾ ਵੀ ਕੀਤੀ। (ਆਊਟਲੁੱਕ ਵੈੱਬ ਬਿਊਰੋ 2021) ਗਾਇਕ ਅਤੇ ਗੀਤਕਾਰ ਬੀਰ ਸਿੰਘ, ਰਣਜੀਤ ਬਾਵਾ, ਬੱਬੂ ਮਾਨ, ਮਰਹੂਮ ਦੀਪ ਸਿੱਧੂ ਤੇ ਸਿੱਧੂ ਮੂਸੇਵਾਲਾ ਇਨ੍ਹਾਂ ਸਭ ਨੇ ਕਿਸਾਨੀ ਅੰਦੋਲਨ ਬਾਰੇ ਭਾਵਪੂਰਤ ਗਾਣੇ ਗਾਏ। ਪੰਜਾਬੀ ਸੰਗੀਤ ਜਗਤ ਦੇ ਬਹੁਤ ਹੀ ਉੱਘਾ ਨਾਮ ਕੰਵਰ ਗਰੇਵਾਲ ਲਗਪਗ ਕੁਲਵਕਤੀ ਰੂਪ ਵਿਚ ਕਿਸਾਨ ਮੋਰਚੇ ਦੀ ਸਟੇਜ ਨੂੰ ਸਮਰਪਿਤ ਹੋ ਗਿਆ। ਸਭ ਤੋਂ ਵਿਸ਼ੇਸ਼ ਗੱਲ ਇਹ ਉਸਨੇ ਸਿਰਫ ਕਲਾ ਨਾਲ ਨਹੀਂ ਬਲਕਿ ਹੱਥੀਂ ਸੇਵਾ ਨਾਲ ਵੀ ਯੋਗਦਾਨ ਪਾਇਆ। ਪੰਜਾਬੀ ਗਾਇਕੀ ਵਿਚ ਬਾਬ ਡਿਲਨ ਦਾ ਦਰਜਾ ਰੱਖਣ ਵਾਲਾ ਇਹ ਗਾਇਕ ਅੰਦੋਲਨ ਵਿਚ ਸੜਕ ਹੂੰਝਦਾ ਵੀ ਨਜ਼ਰ ਆਇਆ। ਜਦ ਕਿਸਾਨ ਆਗੂਆਂ ਨੇ ਕਾਰਪੋਰੇਟ ਅਦਾਰਿਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਤਾਂ ਇਸ ਵਿਚ ਜ਼ੀ ਗਰੁੱਪ ਨਾਲ ਸੰਬੰਧਿਤ ਮੀਡੀਆ ਦਾ ਬਾਈਕਾਟ ਵੀ ਸ਼ਾਮਲ ਸੀ। ਇਹੀ ਸਮਾਂ ਸੀ ਜਦ ਐਮੀ ਵਿਰਕ ਜਿਹੇ ਸਥਾਪਤ ਕਲਾਕਾਰ ਨੇ ਜ਼ੀ ਗਰੁੱਪ ਦੁਆਰਾ ਕੀਤੀ ਫ਼ਿਲਮ ਦੇ ਨਿਰਮਾਣ ਨਾਲ ਜੁੜੇ ਹੋਣ ਲਈ ਦਰਸ਼ਕਾਂ ਤੋਂ ਰੋ ਰੋ ਕੇ ਮੁਆਫ਼ੀ ਮੰਗੀ। ਕਿਸਾਨੀ ਅੰਦੋਲਨ ਨੇ ਪੰਜਾਬੀ ਕਲਾਕਾਰਾਂ ਵਿਚ ਸਮਾਜਕ ਚੇਤਨਤਾ ਦੀ ਭਾਵਨਾ ਨੂੰ ਪ੍ਰਚੰਡ ਕਰ ਦਿੱਤਾ ਸੀ।

## ਕਿਸਾਨ ਜਥੇਬੰਦੀਆਂ ਅਤੇ ਚੋਣ ਰਾਜਨੀਤੀ

ਕਿਸਾਨ ਅੰਦੋਲਨ ਦੀ ਹਰਮਨ ਪਿਆਰਤਾ ਪਿੱਛੇ ਇਕ ਵੱਡਾ ਕਾਰਨ ਇਹ ਵੀ ਸੀ ਕਿ ਇਸਦੀ ਲੀਡਰਸ਼ਿਪ ਨੇ ਲੰਮੇ ਸਮੇਂ ਤਕ ਰਵਾਇਤੀ ਰਾਜਨੀਤੀ, ਜਿਸ ਵਿਚ ਦਲਗਤ ਰਾਜਨੀਤੀ ਅਤੇ ਚੋਣ ਰਾਜਨੀਤੀ ਪ੍ਰਮੁੱਖ ਹਨ, ਨੂੰ ਲਗਪਗ ਅਪ੍ਰਸੰਗਕ ਬਣਾ ਛੱਡਿਆ। ਕਿਸਾਨਾਂ ਵੱਲੋਂ ਰਾਜਨੀਤਕ ਨੇਤਾਵਾਂ ਵਿਸ਼ੇਸ਼ ਕਰਕੇ ਬੀ.ਜੇ.ਪੀ. ਦੇ ਨੇਤਾਵਾਂ ਦਾ ਜਨਤਕ ਰੂਪ ਵਿਚ ਘੇਰਾਉ ਕੀਤਾ ਜਾਂਦਾ ਰਿਹਾ। ਰਵਾਇਤੀ ਦਲਾਂ ਦੇ ਨੇਤਾ ਆਪਣੀ ਵਧਦੀ ਹੋਈ ਅਪ੍ਰਸੰਗਕਤਾ ਤੋਂ ਕਾਫ਼ੀ ਘਬਰਾ ਗਏ ਸਨ।

ਸੰਯੁਕਤ ਕਿਸਾਨ ਮੋਰਚੇ ਨੇ ਰਾਜਨੀਤੀ ਤੋਂ ਦੂਰੀ ਬਣਾਈ ਰੱਖਣ ਲਈ ਕਰੜੇ ਅਨੁਸ਼ਾਸਨ ਦਾ ਪ੍ਰਗਟਾਵਾ ਕੀਤਾ। ਜਦ ਕਿਸੇ ਕਿਸਾਨ ਆਗੂ ਨੇ ਥੋੜ੍ਹਾ ਬਹੁਤ ਕਿਸੇ ਰਵਾਇਤੀ ਦਲ ਨਾਲ ਸਾਂਝ ਦਿਖਾਈ ਤਾਂ ਉਸਨੂੰ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ। ਗਾਜ਼ੀਪੁਰ ਬਾਰਡਰ ਉਪਰ ਰਾਕੇਸ਼ ਟਿਕੈਤ ਦੀ ਅਗਵਾਈ ਵਾਲੀ ਸਟੇਜ ਤੋਂ ਤਾਂ ਰਾਜਨੀਤਕ ਦਲਾਂ ਦੇ ਪ੍ਰਤੀਨਿਧਾਂ ਪ੍ਰਤੀ ਥੋੜ੍ਹੀ ਬਹੁਤ ਨਰਮੀ ਦਿਖਾਈ ਜਾਂਦੀ ਰਹੀ ਪਰ ਸਿੰਘੂ ਬਾਰਡਰ ਤੇ ਟਿਕਰੀ ਬਾਰਡਰ ਇਕ ਤਰ੍ਹਾਂ ਨਾਲ ਇਨ੍ਹਾਂ ਨੇਤਾਵਾਂ ਲਈ 'ਨੋ ਐਂਟਰੀ ਜ਼ੋਨ' ਬਣੇ ਰਹੇ।

ਇਕ ਪੜਾਅ ਉਪਰ ਆ ਕੇ ਸੰਯੁਕਤ ਕਿਸਾਨ ਮੋਰਚੇ ਦੀ ਤਾਕਤ ਏਨੀ ਵਧ ਗਈ ਕਿ ਇਸਦੇ ਆਗੂ ਰਵਾਇਤੀ ਰਾਜਨੀਤਕ ਦਲਾਂ ਦੀਆਂ ਚੋਣ ਗਤੀਵਿਧੀਆਂ ਉਪਰ ਆਰਜ਼ੀ ਰੋਕ ਲਗਾਉਣ ਦੀ ਗੱਲ ਕਰਨ ਲੱਗੇ। 10 ਸਤੰਬਰ 2021 ਨੂੰ ਪੰਜਾਬ ਵਿਚ ਕਿਸਾਨ ਨੇਤਾਵਾਂ ਨੇ ਰਵਾਇਤੀ ਨੇਤਾਵਾਂ ਦੇ ਦਲਾਂ ਨਾਲ ਇਕ ਸਰਬ ਦਲੀ ਮੀਟਿੰਗ ਬੁਲਾਈ। ਇਸ ਮੀਟਿੰਗ ਤੋਂ ਪਹਿਲਾਂ ਬਲਬੀਰ ਸਿੰਘ ਰਾਜੇਵਾਲ ਨੇ ਇਨ੍ਹਾਂ ਦਲਾਂ ਦੇ ਨੇਤਾਵਾਂ ਨੂੰ ਆਪਣੀਆਂ ਚੋਣ ਰੈਲੀਆਂ ਮੁਅੱਤਲ ਕਰਨ ਲਈ ਕਿਹਾ ਤਾਂ ਜੋ ਪਿੰਡਾਂ ਵਿਚ ਕਿਸਾਨ ਮੋਰਚੇ ਲਈ

ਦਿੱਲੀ ਪਹੁੰਚ ਰਹੇ ਲੋਕਾਂ ਦੇ ਉਤਸ਼ਾਹ ਵਿਚ ਕੋਈ ਰੁਕਾਵਟ ਨਾ ਪਵੇ। (ਨੀਲ ਕਮਲ 2021) ਇਸ ਵਿਚ ਰਵਾਇਤੀ ਦਲਾਂ ਦੇ ਨੇਤਾਵਾਂ ਨੇ ਕਿਸਾਨ ਆਗੂਆਂ ਦੇ ਹੁਕਮਾਂ ਅੱਗੇ ਲਗਭਗ ਗੋਡੇ ਟੇਕ ਦਿੱਤੇ।

ਕਿਸਾਨ ਆਗੂਆਂ ਦੀ ਵਧਦੀ ਹਰਮਨ ਪਿਆਰਤਾ ਤੇ ਸੰਗਠਨ ਦੀ ਸ਼ਕਤੀ ਨੂੰ ਵੇਖਦੇ ਹੋਏ ਸਭ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਇਨ੍ਹਾਂ ਦੇ ਜ਼ਰੀਏ ਚੋਣ ਰਾਜਨੀਤੀ ਵਿਚ ਕਾਮਯਾਬੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨਾਲ ਇਨ੍ਹਾਂ ਦੀਆਂ ਕਈ ਵਾਰਤਾਵਾਂ ਹੋਈਆਂ ਪਰ ਸੀਟਾਂ ਦੀ ਵੰਡ ਨੂੰ ਲੈ ਕੇ ਸਮਝੌਤਾ ਸਿਰੇ ਨਾ ਚੜ੍ਹਿਆ।

ਇਸ ਸਮੇਂ ਪੰਜਾਬ, ਉਤਰ ਪ੍ਰਦੇਸ਼, ਗੋਆ, ਉਤਰਾਖੰਡ ਤੇ ਮਨੀਪੁਰ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਸਨ। ਕਿਸਾਨ ਆਗੂ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਬੀ.ਜੇ.ਪੀ. ਦੀ ਹਾਰ ਤੋਂ ਉਹ ਕਾਫ਼ੀ ਖ਼ੁਸ਼ ਸਨ। ਸਾਰੇ ਪਾਸੇ ਇਸ ਤਰ੍ਹਾਂ ਦਾ ਮਾਹੌਲ ਬਣ ਗਿਆ ਸੀ ਕਿ ਫਰਵਰੀ 2022 ਵਿਚ ਖੇਤੀ ਪ੍ਰਧਾਨ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਕੁੰਜੀ ਸ਼ਾਇਦ ਕਿਸਾਨਾਂ ਦੇ ਹੱਥ ਵਿਚ ਹੀ ਸੀ। ਇਸ ਸੱਚਾਈ ਨੂੰ ਸਭ ਤੋਂ ਪਹਿਲਾਂ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਭਾਂਪ ਲਿਆ ਸੀ। 18 ਦਸੰਬਰ 2021 ਨੂੰ ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਰਾਜਨੀਤਕ ਪਾਰਟੀ ਦੇ ਗਠਨ ਦਾ ਐਲਾਨ ਕਰ ਦਿੱਤਾ ਸੀ। ਖੇਤੀ ਬਿੱਲਾਂ ਦੇ ਵਾਪਸ ਲੈਣ ਅਤੇ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਵਿਚ ਸਭ ਤੋਂ ਵੱਡਾ ਦਵੰਦ ਇਹ ਪੈਦਾ ਹੋਇਆ ਕਿ ਅਗਾਮੀ ਚੋਣਾਂ ਵਿਚ ਹਿੱਸਾ ਲਿਆ ਜਾਵੇ ਜਾਂ ਨਾ।

ਸੰਯੁਕਤ ਕਿਸਾਨ ਮੋਰਚੇ ਨੂੰ ਚੋਣਾਂ ਦੇ ਰਾਹ ਤੋਰਨ ਲਈ ਡਾ. ਸਵੈਮਾਨ ਸਿੰਘ ਨੇ ਸਭ ਤੋਂ ਵੱਧ ਭੂਮਿਕਾ ਨਿਭਾਈ। ਅਖ਼ੀਰ ਇਨ੍ਹਾਂ ਨੇ ਸੰਯੁਕਤ ਸਮਾਜ ਮੋਰਚਾ ਨਾਮ ਦੇ ਰਾਜਨੀਤਕ ਦਲ ਦੇ ਗਠਨ ਦਾ ਐਲਾਨ ਕੀਤਾ। ਪਰ ਸਮੇਂ ਸਿਰ ਇਸਨੂੰ ਚੋਣ ਅਯੋਗ ਕੋਲ ਰਜਿਸਟਰ ਨਹੀਂ ਕਰਵਾਇਆ ਜਾ ਸਕਿਆ। ਇਸ ਲਈ ਇਸਨੂੰ ਕੋਈ ਚੋਣ ਨਿਸ਼ਾਨ ਵੀ ਨਹੀਂ ਅਲਾਟ ਹੋਇਆ। ਅਖੀਰ ਇਸਦੇ ਉਮੀਦਵਾਰਾਂ ਨੇ ਆਜ਼ਾਦ ਉਮੀਦਵਾਰਾਂ ਦੀ ਹੈਸੀਅਤ ਵਿਚ ਕਾਗਜ਼ ਦਾਖ਼ਲ ਕੀਤੇ ।

ਚੋਣਾਂ ਵਿਚ ਕਿਸਾਨ ਉਮੀਦਵਾਰਾਂ ਨੂੰ ਦੋਹਰਾ ਵਿਰੋਧ ਝੱਲਣਾ ਪਿਆ। ਇਕ ਪਾਸੇ ਰਵਾਇਤੀ ਰਾਜਨੀਤਕ ਦਲਾਂ ਵਲੋਂ ਇਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ, ਦੂਸਰੇ ਪਾਸੇ ਸੰਯੁਕਤ ਕਿਸਾਨ ਮੋਰਚੇ ਦੇ ਰੈਡੀਕਲ ਨੇਤਾਵਾਂ ਜਿਵੇਂ ਜੋਗਿੰਦਰ ਸਿੰਘ ਉਗਰਾਹਾਂ ਤੇ ਡਾ. ਦਰਸ਼ਨਪਾਲ ਦੁਆਰਾ ਇਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ। ਕਿਸੇ ਵੀ ਪ੍ਰਮੁੱਖ ਕਿਸਾਨ ਜਥੇਬੰਦੀ ਨੇ ਚੋਣ ਰਾਜਨੀਤੀ ਵਿਚ ਕਿਸਾਨ ਉਮੀਦਵਾਰਾਂ ਦੀ ਖੁੱਲ੍ਹ ਕੇ ਹਮਾਇਤ ਨਾ ਕੀਤੀ। 10 ਜਨਵਰੀ 2022 ਨੂੰ ਕੀਤੀ ਪ੍ਰੈੱਸ ਕਾਨਫਰੰਸ ਵਿਚ ਬੀ. ਕੇ. ਯੂ. ਏਕਤਾ ਉਗਰਾਹਾਂ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਸਿਧਾਂਤਕ ਰੂਪ ਵਿਚ ਸਪੱਸ਼ਟ ਕੀਤਾ ਕਿ ਉਹ ਕਿਉਂ ਚੋਣ ਰਾਜਨੀਤੀ ਵਿਚ ਵਿਸ਼ਵਾਸ ਨਹੀਂ ਕਰਦੇ। ਉਨ੍ਹਾਂ ਦਾ ਮੰਨਣਾ ਸੀ ਕਿ ਰਾਜਨੀਤੀ ਇਕ ਖੁਦਮੁਖਤਾਰ ਗਤੀਵਿਧੀ ਨਹੀਂ ਬਲਕਿ ਇਕ ਪੂੰਜੀਪਤੀ ਦੇ ਹਿੱਤਾਂ ਦੇ ਅਧੀਨ ਕੰਮ ਕਰਦੀ ਹੈ ਤਾਂ ਇਸ ਲਈ ਰਾਜਨੀਤਕ ਸੱਤਾ ਹਾਸਲ ਕਰਕੇ ਨਾ ਕਿਸਾਨਾਂ ਦੀ ਭਲਾਈ ਕੀਤੀ ਜਾ ਸਕਦੀ ਹੈ, ਨਾ ਲੋਕਾਂ ਦੀ। ਭਾਰਤ ਵਿਚ ਸਾਰੇ ਦਲਾਂ ਦੀਆਂ ਆਰਥਿਕ ਨੀਤੀਆਂ ਵਿਸ਼ਵ ਬੈਂਕ, ਆਈ. ਐਮ. ਐਫ. ਤੇ ਵਿਸ਼ਵ ਵਪਾਰ ਸੰਗਠਨ ਦੁਆਰਾ ਨਿਸ਼ਚਤ ਕੀਤੀਆਂ ਜਾਂਦੀਆਂ ਹਨ। ਇਸ ਲਈ ਰਾਜਨੀਤਕ ਸੱਤਾ ਹਾਸਲ ਕਰਨਾ ਕਿਸਾਨ ਸੰਗਠਨਾਂ ਦਾ ਉਦੇਸ਼ ਨਹੀਂ ਹੋਣਾ ਚਾਹੀਦਾ। ਇਸ ਸਿਧਾਂਤ ਤਹਿਤ ਉਹ ਕਿਸਾਨ ਸੰਗਠਨਾਂ ਦੁਆਰਾ ਚੋਣ ਰਾਜਨੀਤੀ ਵਿਚ ਸ਼ਮੂਲੀਅਤ ਦੇ ਵਿਚਾਰਾਂ ਦਾ ਡੱਟ ਕੇ ਵਿਰੋਧ ਕਰਦੇ ਹਨ। ਉਗਰਾਹਾਂ ਨੇ ਕਿਹਾ ਕਿ ਚੋਣਾਂ ਲੋਕਾਂ ਨੂੰ ਵੰਡਦੀਆਂ ਹਨ ਜਦਕਿ ਅੰਦੋਲਨ ਉਨ੍ਹਾਂ ਨੂੰ ਇਕੱਠਾ ਕਰਦਾ ਹੈ (ਨਿੱਝਰ 2022)

10 ਮਾਰਚ 2022 ਨੂੰ ਚੋਣਾਂ ਦੇ ਨਤੀਜੇ ਆਏ। ਕਿਸਾਨ ਉਮੀਦਵਾਰਾਂ ਨੂੰ ਬਹੁਤ ਹੀ ਨਿਗੂਣਾ ਵੋਟ ਪ੍ਰਤੀਸ਼ਤ ਮਿਲਿਆ। ਕਿਸਾਨੀ ਅੰਦੋਲਨ ਦਾ ਸਭ ਤੋਂ ਵੱਡਾ ਚਿਹਰਾ ਬਲਬੀਰ ਸਿੰਘ ਰਾਜੇਵਾਲ ਸਮਰਾਲਾ ਵਿਧਾਨ ਸਭਾ ਹਲਕੇ ਤੋਂ ਆਪਣੀ ਜ਼ਮਾਨਤ ਵੀ ਨਾ ਬਚਾ ਸਕੇ।

ਕਿਸਾਨਾਂ ਦੇ ਰਾਜਨੀਤਕ ਸੰਗਠਨ ਦੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੋਈ ਕਰਾਰੀ ਹਾਰ ਕਿਸਾਨ ਅੰਦੋਲਨ ਦੀ ਅਸਮਾਨ ਛੋਹੰਦੀ ਹਰਮਨ ਪਿਆਰਤਾ ਦਾ ਬਿਲਕੁਲ ਹੀ ਉਲਟਾ ਰੂਪ ਸੀ । ਜੋ ਲੋਕ ਕਿਸਾਨਾਂ ਦੀ ਹਿਮਾਇਤ ਵਿਚ ਦਿੱਲੀ ਬਾਰਡਰ ਉਪਰ ਸੰਘਰਸ਼ ਕਰਦੇ ਰਹੇ ਸਨ, ਪੈਸੇ ਅਤੇ ਹੋਰ ਵਸੀਲਿਆਂ ਨਾਲ ਏਨੀ ਮਦਦ ਕਰ ਰਹੇ ਸਨ, "ਜ਼ਮੀਨ ਨਹੀਂ ਤਾਂ ਜ਼ਮੀਰ ਤਾਂ ਹੈ" ਆਦਿ ਦੇ ਨਾਅਰੇ ਲਗਾ ਰਹੇ ਸਨ। ਉਹੀ ਲੋਕ ਕਿਸਾਨ ਉਮੀਦਵਾਰਾਂ ਨੂੰ ਆਪਣਾ ਵੋਟ ਦੇਣ ਤੋਂ ਇਨਕਾਰੀ ਕਿਉਂ ਹੋ ਗਏ?

ਇਸ ਤਰ੍ਹਾਂ ਦੇ ਨਤੀਜੇ ਆਉਣ ਨਾਲ ਇਨ੍ਹਾਂ ਸਤਰਾਂ ਦੇ ਲੇਖਕ ਦੀ 2015 ਵਿਚ ਪ੍ਰਕਾਸ਼ਿਤ ਪੁਸਤਕ **ਨਾਨ-ਕਾਂਗਰਸ ਪੋਲਿਟਿਕਸ ਇਨ ਪੰਜਾਬ** ਵਿਚ ਪ੍ਰਸਤੁਤ ਥੀਸਿਜ ਇਕ ਵਾਰ ਫਿਰ ਠੀਕ ਸਾਬਤ ਹੋਇਆ। ਇਸ ਪੁਸਤਕ ਅਨੁਸਾਰ ਲੋਕ ਲਹਿਰਾਂ ਵਿਚ ਹਰਮਨ ਪਿਆਰੇ ਹੋਣਾ ਤੇ ਵੋਟ ਰਾਜਨੀਤੀ ਵਿਚ ਕਾਮਯਾਬੀ ਹਾਸਲ ਕਰਨਾ ਦੋ ਅਲੱਗ ਅਲੱਗ ਗੱਲਾਂ ਹਨ ਤੇ ਇਕ ਖੇਤਰ ਵਿਚ ਕਾਮਯਾਬੀ ਨਾਲ ਦੂਸਰੇ ਖੇਤਰ ਵਿਚ ਕਾਮਯਾਬੀ ਮਿਲੇ, ਇਹ ਜ਼ਰੂਰੀ ਨਹੀਂ।

ਸੰਸਕ੍ਰਿਤੀ ਦੇ ਖੇਤਰ ਵਿਚ ਹਰਮਨ ਪਿਆਰੇ ਹੋਣ ਦਾ ਅਰਥ ਇਹ ਨਹੀਂ ਕਿ ਇਹ ਹਰਮਨ ਪਿਆਰਤਾ ਵੋਟ ਪ੍ਰਤੀਸ਼ਤ ਵਿਚ ਵੀ ਤਬਦੀਲ ਹੋਵੇ। ਦੂਸਰੇ ਪਾਸੇ ਵੋਟ ਪ੍ਰਤੀਸ਼ਤ ਵਿਚ ਕਾਮਯਾਬੀ ਹਾਸਲ ਕਰਨ ਵਾਲੇ ਨੇਤਾ ਜ਼ਰੂਰੀ ਨਹੀਂ ਕਿ ਹਰਮਨ ਪਿਆਰੇ ਵੀ ਹੋਣ। ਇਸ ਸੰਸਕ੍ਰਿਤਕ ਰਾਜਨੀਤੀ ਤੇ ਚੋਣ ਰਾਜਨੀਤੀ ਵਿਚ ਇਕ ਗਹਿਰੀ ਖਾਈ ਪਾਈ ਜਾਂਦੀ ਹੈ। ਇਹ ਖਾਈ ਡੂੰਘੀ ਵੀ ਹੈ ਤੇ ਇਕ ਭਿਆਨਕ ਯਥਾਰਥ ਵੀ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲੋਕਪ੍ਰਿਯਤਾ ਦੀ ਸਿਖਰ ਛੋਹੰਦੀਆਂ ਕਿਸਾਨ ਜਥੇਬੰਦੀਆਂ ਨੂੰ ਮਿਲੀ ਨਿਗੂਣੀ ਵੋਟ ਨੇ ਇਸ ਸੱਚਾਈ ਨੂੰ ਇਕ ਵਾਰ ਫਿਰ ਸੱਚ ਸਾਬਤ ਕਰ ਦਿੱਤਾ।

**ਹਵਾਲੇ :**


- ਆਉਟਲੁੱਕ ਵੈੱਬ ਬਿਉਰੋ 2021, **ਹਾਉ ਪੰਜਾਬੀ ਸਿੰਗਰਜ਼ ਕੰਟਰੀਬਿਊਟਡ ਟੂ ਦੀ ਫਾਰਮਰਜ਼ ਪ੍ਰੋਟੈਸਟ ਬਾਈ ਦੇਅਰ ਵਰਡਜ਼ ਐਂਡ ਮੈਲਡੀ** ਆਉਟਲੁੱਕਇੰਡੀਆਡਾਟਕਾਮ, 20 ਨਵੰਬਰ
- ਐਚ.ਟੀ. ਕੌਰੇਸਪੌਡੈਂਟ 2021, **ਕਮਿਸ਼ਨ ਆਫ ਇਨਕੁਆਇਰੀ ਸੈਟਅਪ ਟੂ ਪਰੋਬ ਕਰਨਾਲ ਵਾਇਲੈਂਸ** ਹਿੰਦੁਸਤਾਨਟਾਈਮਜ਼ਡਾਟਕਾਮ, 23 ਸਤੰਬਰ
- ਸਟਾਫ ਰੀਪੋਰਟਰ 2020 **ਨਿਊ ਫਾਰਮ ਲਾਅਜ਼ ਐਨ ਅਸਾਲਟ ਆਨ ਫੈਡਰਲਿਜ਼ਮ, ਫੂਡ ਸਕਿਓਰਟੀ**: ਦੇਵਾਨੁਰੂ ਮਹਾਦੇਵਾ, ਦੀਹਿੰਦੂਡਾਟਕਾਮ, 22 ਦਸੰਬਰ
- ਕਠੇਰੀਆ, ਮੇਘਾ 2020, **ਫਾਰਮ ਲਾਅਜ਼ ਆਰ ਅਨਕੰਸਟੀਚਿਊਸ਼ਨਲ ਬਟ ਵਿਲ ਸੁਪਰੀਮ ਕੋਰਟ ਸਟਰਾਈਕ ਦੈਮ ਡਾਊਨ?** ਦੀਲੀਫਲੈਟਡਾਟਇਨ 12 ਦਸੰਬਰ
- ਗਿੱਲ, ਅਮਨਪ੍ਰੀਤ ਸਿੰਘ 2015, ਨਾਨ ਕਾਂਗਰਸ ਪਾਲਿਟਿਕਸ ਇਨ ਪੰਜਾਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ
- ਨਿੱਬਰ, ਗੁਰਪ੍ਰੀਤ 2022, **ਬੀ. ਕੇ. ਯੂ. (ਉਗਰਾਹਾਂ) ਰੀਜੈਕਟਸ ਰਾਜੇਵਾਲਜ਼ ਅਪੀਲ ਟੂ ਕੰਟੈਸਟ ਪੰਜਾਬ ਇਲੈਕਸ਼ਨਜ਼** ਹਿੰਦੁਸਤਾਨਟਾਈਮਜ਼ਡਾਟਕਾਮ 10 ਜਨਵਰੀ
- ਨੀਲ ਕਮਲ 2021, **ਫਾਰਮਰਜ਼ ਕਾਲ ਆਲ ਪਾਰਟੀ ਮੀਟ ਟੁਡੇ ਮਾਈਨਸ ਬੀ. ਜੇ. ਪੀ. ਇਨ ਚੰਡੀਗੜ੍ਹ** ਟਾਈਮਜ਼ਆਫਇੰਡੀਆਡਾਟਕਾਮ 10 ਸਤੰਬਰ


◈